# ਵਿਸਤ੍ਰਿਤ ਰੂਪਰੇਖਾ

**I. ਭੂਮਿਕਾ (1:1-2:13)**
- **A. ਅੱਯੂਬ ਦਾ ਆਫ਼ਤਾਂ ਨਾਲ ਘੇਰਿਆ ਜਾਣਾ (1:1-22)**
  1. **ਅੱਯੂਬ ਅਤੇ ਉਸ ਦਾ ਪਿਛੋਕੜ ਦੱਸਿਆ ਗਿਆ (1:1-5)**
  2. **ਸ਼ਤਾਨ ਨੂੰ ਅੱਯੂਬ ਨੂੰ ਪਰਤਾਉਣ ਦੀ ਆਗਿਆ ਦਿੱਤੀ ਗਈ (1:6-12)**
  3. **ਅੱਯੂਬ ਦਾ ਆਫ਼ਤਾਂ ਨਾਲ ਘੇਰਿਆ ਜਾਣਾ (1:13-19)**
  4. **ਆਫ਼ਤਾਂ ਦੇ ਪ੍ਰਤੀ ਅੱਯੂਬ ਦੀ ਪ੍ਰਤੀਕਿਰਿਆ (1:20-22)**
- **B. ਅੱਯੂਬ ਦਾ ਗੰਭੀਰ ਕਸ਼ਟ ਅਤੇ ਉਸ ਦੇ ਤਿੰਨ ਮਿੱਤਰ (2:1-13)**
  1. **ਹਰ ਮਨੁੱਖ ਦੀ ਆਪਣੀ ਕੀਮਤ ਹੁੰਦੀ ਹੈ (2:1-6)**
  2. **ਅੱਯੂਬ ਦਾ ਗੰਭੀਰ ਕਸ਼ਟ (2:7, 8)**
  3. **ਅੱਯੂਬ ਦੀ ਪਤਨੀ ਦੀ ਪ੍ਰਤੀਕਿਰਿਆ (2:9, 10)**
  4. **ਅੱਯੂਬ ਦੇ ਮਿੱਤਰ (2:11-13)**

**II. ਅੱਯੂਬ ਦਾ ਵਿਰਲਾਪ (3:1-26)**
- **A. "ਮੈਂ ਕਿਉਂ ਜੰਮਿਆ?" (3:1-10)**
- **B. "ਮੈਂ ਕੁੱਖੋਂ ਹੀ ਕਿਉਂ ਨਾ ਮਰ ਗਿਆ?" (3:11-19)**
- **C. "ਮੈਂ ਕਿਉਂ ਦੁੱਖ ਭੋਗ ਰਿਹਾ ਹਾਂ?" (3:20-26)**

**III. ਅੱਯੂਬ ਅਤੇ ਉਸ ਦੇ ਤਿੰਨ ਮਿੱਤਰ: ਗੱਲਾਂ ਦਾ ਪਹਿਲਾ ਚੱਕਰ (4:1-14:22)**
- **A. ਅਲੀਫ਼ਜ਼ ਦੀ ਪਹਿਲੀ ਗੱਲ (4:1-5:27)**
  1. **ਅੱਯੂਬ ਦੇ ਜੀਵਨ ਦੇ ਪੁਰਾਣੇ ਰੂਪ ਨੂੰ ਯਾਦ ਕੀਤਾ ਗਿਆ (4:1-6)**
  2. **"ਕਿਹੜਾ ਬੇਦੋਸ਼ਾ ਕਦੇ ਨਾਸ਼ ਹੋਇਆ?" (4:7-11)**
  3. **ਅਲੀਫ਼ਜ਼ ਦੇ ਗਿਆਨ ਦਾ ਸ੍ਰੋਤ (4:12-21)**
  4. **ਬੁਰਾਈ ਕਰਨ ਵਾਲਿਆਂ ਦੁਆਰਾ ਕਸ਼ਟ ਵੱਢਣਾ (5:1-7)**
  5. **ਪਰਮੇਸ਼ੁਰ ਦੇ ਸਾਹਮਣੇ ਇਕ ਕਾਰਣ ਰੱਖਣਾ (5:8-16)**
  6. **"ਧੰਨ ਉਹ ਆਦਮੀ ਹੈ ਜਿਹ ਨੂੰ ਪਰਮੇਸ਼ੁਰ ਦਬਕਾਉਂਦਾ ਹੈ" (5:17-27)**
- **B. ਅੱਯੂਬ ਦਾ ਉੱਤਰ (6:1-7:21)**
  1. **"ਮੇਰੀ ਤਕਲੀਫ਼ ਸਮੁੰਦਰ ਦੀ ਰੇਤ ਨਾਲੋਂ ਵੀ ਭਾਰੀ ਹੈ" (6:1-7)**
  2. **"ਮੈਂ ਪਵਿੱਤਰ ਪੁਰਖ ਦੀਆਂ ਗੱਲਾਂ ਦਾ ਇਨਕਾਰ ਨਹੀਂ ਕੀਤਾ" (6:8-13)**
  3. **ਧੋਖੇਬਾਜ਼ ਭਰਾ (6:14-23)**
  4. **"ਮੈਨੂੰ ਸਿਖਾਓ ਜਿੱਥੇ ਮੈਂ ਭੁੱਲਿਆ" (6:24-30)**
  5. **ਜੀਵਨ ਦਾ ਅਕਾਊ ਸੁਭਾਅ (7:1-6)**

6. ਜੀਵਨ ਦੀ ਸੰਖੇਪਤਾ (7:7-10)
7. ਜੀਵਨ ਦੀ ਕੜਵਾਹਟ (7:11-21)

C. ਬਿਲਦਦ ਦੀ ਪਹਿਲੀ ਗੱਲ (8:1-22)
1. "ਕੀ ਪਰਮੇਸ਼ੁਰ ਨਿਆਉਂ ਨੂੰ ਵਿਗਾੜਦਾ ਹੈ?" (8:1-7)
2. ਬਿਲਦਦ ਦੇ ਗਿਆਨ ਦਾ ਸ੍ਰੋਤ (8:8-10)
3. ਉਨ੍ਹਾਂ ਲਈ ਪਰਮੇਸ਼ੁਰ ਦੀ ਸਜ਼ਾ ਜਿਹੜੇ ਉਸ ਨੂੰ ਭੁੱਲ ਜਾਂਦੇ ਹਨ (8:11-22)

D. ਅੱਯੂਬ ਦਾ ਉੱਤਰ (9:1-10:22)
1. "ਕੀ ਮਨੁੱਖ ਪਰਮੇਸ਼ੁਰ ਨੂੰ ਸਵਾਲ ਕਰ ਸਕਦਾ?" (9:1-12)
2. ਪਰਮੇਸ਼ੁਰ ਦਾ ਬਲ ਅਤੇ ਅਸਮਰਥਤਾ (9:13-24)
3. "ਸਾਡੇ ਦੋਹਾਂ ਵਿੱਚ ਕੋਈ ਸਾਲਸ ਨਹੀਂ" (9:25-35)
4. "ਮੇਰੀ ਜਾਨ ਮੇਰੀ ਹਯਾਤੀ ਤੋਂ ਥੱਕੀ ਹੋਈ ਹੈ" (10:1-7)
5. "ਤੇਰੇ ਹੱਥਾਂ ਨੇ ਮੈਨੂੰ ਬਣਾਇਆ" (10:8-17)
6. "ਪਰਮੇਸ਼ੁਰ, ਮੈਨੂੰ ਇਕੱਲਾ ਛੱਡ ਦੇਹ" (10:18-22)

E. ਸੋਫ਼ਰ ਦੀ ਪਹਿਲੀ ਗੱਲ (11:1-20)
1. ਅੱਯੂਬ ਦੇ ਹੰਕਾਰ ਨੂੰ ਫਟਕਾਰਿਆ ਜਾਣਾ (11:1-6)
2. ਨਾ ਪਹੁੰਚਣਯੋਗ ਪਰਮੇਸ਼ੁਰ (11:7-12)
3. ਅੱਯੂਬ ਨੂੰ ਤੋਬਾ ਦੀ ਬੇਨਤੀ ਕੀਤਾ ਜਾਣਾ (11:13-20)

F. ਅੱਯੂਬ ਦਾ ਉੱਤਰ (12:1-14:22)
1. ਅੱਯੂਬ ਤੇ ਦੋਸ਼ ਲਾਉਣ ਵਾਲਿਆਂ ਨੂੰ ਤਾੜਨਾ (12:1-12)
   a. "ਮੈਂ ਆਪਣੇ ਗੁਆਂਢੀ ਲਈ ਹਾਸੀ ਹਾਂ" (12:1-6)
   b. ਪਰਮੇਸ਼ੁਰ ਦੇ ਗਿਆਨ ਅਤੇ ਸ਼ਕਤੀ ਨੂੰ ਰਚਨਾ ਵਿਚ ਵੇਖਿਆ ਗਿਆ (12:7-12)
2. ਪਰਮੇਸ਼ੁਰ ਦੀ ਸ਼ਕਤੀ ਪਰਗਟ ਕੀਤੀ ਗਈ (12:13-25)
3. ਅੱਯੂਬ ਦਾ ਗਿਆਨ ਘਟੀਆ ਨਹੀਂ (13:1, 2)
4. "ਤੁਸੀਂ ਨਿਕੰਮੇ ਵੈਦ ਹੋ" (13:3-12)
5. ਦੋਸ਼-ਨਿਵਾਰਣ ਵਿਚ ਅੱਯੂਬ ਦਾ ਭਰੋਸਾ (13:13-19)
6. ਉਸ ਦੇ ਪਾਪਾਂ ਨੂੰ ਜਾਣਨ ਲਈ ਅੱਯੂਬ ਦੀ ਮੰਗ (13:20-28)
7. ਮਨੁੱਖ ਦਾ ਸੰਖੇਪ ਅਤੇ ਮੁਸੀਬਤ ਵਾਲਾ ਜੀਵਨ (14:1-6)
8. ਮਨੁੱਖ ਦੀ ਇਕ ਰੁੱਖ ਨਾਲ ਤੁਲਨਾ (14:7-12)
9. "ਕੀ ਮੌਤ ਵਿਚ ਸ਼ਾਤੀ ਹੈ?" (14:13-17)
10. ਅੱਯੂਬ ਦਾ ਗਮਗੀਨ ਸਿੱਟਾ (14:18-22)

IV. ਅੱਯੂਬ ਅਤੇ ਉਸ ਦੇ ਤਿੰਨ ਮਿੱਤਰ: ਗੱਲਾਂ ਦਾ ਦੂਜਾ ਚੱਕਰ (15:1-21:34)

A. ਅਲੀਫ਼ਜ਼ ਦੀ ਦੂਜੀ ਗੱਲ (15:1-35)
1. ਉਸ ਦੀ ਗੱਲ ਦੁਆਰਾ ਅੱਯੂਬ ਦਾ ਦੋਸ਼ ਪਰਗਟ ਹੋਇਆ (15:1-6)
2. ਅੱਯੂਬ ਤੇ ਉਹ ਆਦਮੀ ਹੋਣ ਦਾ ਦੋਸ਼ ਲੱਗਾ ਜੋ ਇਹ ਸਭ ਜਾਣਦਾ ਹੈ

(15:7-16)

3. ਬੁੱਧੀਮਾਨਾਂ ਦੁਆਰਾ ਵਰਣਨ ਕੀਤੀ ਗਈ ਦੁਸ਼ਟ ਮਨੁੱਖਾਂ ਦੀ ਦੁਰਦਸ਼ਾ (15:17-35)

B. ਅੱਯੂਬ ਦਾ ਉੱਤਰ (16:1-17:16)
1. "ਤੁਸੀਂ ਸਭ ਦੇ ਸਭ ਦੁਖ ਦਾਇਕ ਤਸੱਲੀ ਦੇਣ ਵਾਲੇ ਹੋ" (16:1-5)
2. "ਪਰਮੇਸ਼ੁਰ ਮੇਰਾ ਵਿਰੋਧੀ ਬਣ ਗਿਆ ਹੈ" (16:6-17)
3. "ਸੁਰਗ ਵਿੱਚ ਮੇਰੀ ਸਾਖੀ ਹੈ" (16:18-22)
4. "ਕਬਰ ਮੇਰੇ ਲਈ ਤਿਆਰ ਹੈ" (17:1, 2)
5. "ਕੌਣ ਮੇਰਾ ਜ਼ਾਮਨ ਹੈ?" (17:3-5)
6. "ਪਰਮੇਸ਼ੁਰ ਨੇ ਮੈਨੂੰ ਅਖਾਣ ਬਣਾਇਆ ਹੈ" (17:6-16)

C. ਬਿਲਦਦ ਦੀ ਦੂਜੀ ਗੱਲ (18:1-21)
1. ਅੱਯੂਬ ਨੂੰ ਜ਼ਿੰਮੇਵਾਰ ਬਣਨ ਦੀ ਅਪੀਲ (18:1-4)
2. ਦੁਸ਼ਟ ਦਾ ਵਰਣਨ (18:5-21)
   a. "ਦੁਸ਼ਟ ਦਾ ਦੀਵਾ ਗੁੱਲ ਹੋ ਜਾਊਗਾ" (18:5, 6)
   b. "ਦੁਸ਼ਟ ਦੇ ਪੈਰ ਫਸ ਜਾਂਦੇ ਹਨ" (18:7-11)
   c. "ਦੁਸ਼ਟ ਦੀ ਤੰਦਰੁਸਤੀ ਖਤਮ ਹੋ ਜਾਂਦੀ ਹੈ" (18:12, 13)
   d. "ਦੁਸ਼ਟ ਦਾ ਤੰਬੂ ਪੁੱਟਿਆ ਜਾਂਦਾ ਹੈ" (18:14, 15)
   e. "ਦੁਸ਼ਟ ਨੂੰ ਭੁਲਾ ਦਿੱਤਾ ਜਾਵੇਗਾ" (18:16-19)
   f. "ਦੁਸ਼ਟ ਪਰਮੇਸ਼ੁਰ ਨੂੰ ਨਹੀਂ ਜਾਣਦਾ" (18:20, 21)

D. ਅੱਯੂਬ ਦਾ ਉੱਤਰ (19:1-29)
1. "ਤੁਸੀਂ ਕਦ ਤੀਕ ਮੇਰੀ ਜਾਨ ਨੂੰ ਸਤਾਓਗੇ?" (19:1-6)
2. "ਪਰਮੇਸ਼ੁਰ ਨੇ ਮੇਰਾ ਪਰਤਾਪ ਮੇਰੇ ਉੱਤੋਂ ਲਾਹ ਲਿਆ" (19:7-12)
3. "ਮਿੱਤਰ ਅਤੇ ਰਿਸ਼ਤੇਦਾਰ ਮੈਨੂੰ ਨਫ਼ਰਤ ਕਰਦੇ ਹਨ" (19:13-22)
4. "ਮੈਂ ਮੇਰੇ ਨਿਸਤਾਰਾ ਦੇਣ ਵਾਲੇ ਤੇ ਭਰੋਸਾ ਕਰਾਂਗਾ" (19:23-29)

E. ਸੋਫਰ ਦੀ ਦੂਜੀ ਗੱਲ (20:1-29)
1. "ਦੁਸ਼ਟ ਦੀ ਜਿੱਤ ਛਿਣ ਭਰ ਦੀ ਹੈ" (20:1-11)
2. "ਬੁਰਿਆਈ ਮਿੱਠੀ ਪਰ ਜ਼ਹਿਰੀਲੀ ਹੈ" (20:12-19)
3. "ਪਰਮੇਸ਼ੁਰ ਵੱਲੋਂ ਦੁਸ਼ਟ ਨੂੰ ਉਸ ਦਾ ਹਿੱਸਾ ਮਿਲੇਗਾ" (20:20-29)

F. ਅੱਯੂਬ ਦਾ ਉੱਤਰ (21:1-34)
1. "ਤੁਸੀਂ ਸੁਣ ਨਹੀਂ ਰਹੇ ਹੋ!" (21:1-6)
2. "ਦੁਸ਼ਟ ਵੱਧਦਾ-ਫੁੱਲਦਾ ਹੈ" (21:7-16)
3. "ਅਕਸਰ ਦੁਸ਼ਟ ਨੂੰ ਸਜ਼ਾ ਨਹੀਂ ਮਿਲਦੀ" (21:17-26)
4. "ਤੁਹਾਡੇ ਉੱਤਰ ਝੂਠ ਨਾਲ ਭਰੇ ਹੋਏ ਹਨ" (21:27-34)

V. ਅੱਯੂਬ, ਅਲੀਫ਼ਜ਼ ਅਤੇ ਬਿਲਦਦ: ਗੱਲਾਂ ਦਾ ਤੀਜਾ ਚੱਕਰ (22:1-27:23)

A. ਅਲੀਫ਼ਜ਼ ਦੀ ਤੀਜੀ ਗੱਲ (22:1-30)
1. "ਅੱਯੂਬ, ਤੇਰੀ ਬੁਰਿਆਈ ਵੱਡੀ ਹੈ" (22:1-11)

2. "ਮਨੁੱਖ ਦੇ ਰਾਹ ਪਰਮੇਸ਼ੁਰ ਤੋਂ ਲੁਕੇ ਹੋਏ ਨਹੀਂ ਹਨ" (22:12-20)
3. "ਪਰਮੇਸ਼ੁਰ ਨਾਲ ਮਿਲਿਆ ਰਹੁ ਅਤੇ ਚੰਗਾ ਹੋ" (22:21-30)

B. ਅੱਯੂਬ ਦਾ ਉੱਤਰ (23:1-24:25)
1. "ਓਹ, ਤਾਂ ਜੋ ਮੈਂ ਆਪਣੇ ਮੁਕੱਦਮਾ ਪਰਮੇਸ਼ੁਰ ਦੇ ਅੱਗੇ ਪੇਸ਼ ਕਰ ਸਕਾਂ" (23:1-7)
2. "ਪਰਮੇਸ਼ੁਰ ਮੈਨੂੰ ਜਾਣਦਾ ਹੈ, ਪਰ ਮੈਂ ਉਸ ਨੂੰ ਨਹੀਂ ਵੇਖ ਸਕਦਾ" (23:8-17)
3. "ਪਰਮੇਸ਼ੁਰ ਗਲਤੀਆਂ ਨੂੰ ਨਜ਼ਰਅੰਦਾਜ਼ ਕਰਦਾ ਪ੍ਰਤੀਤ ਹੁੰਦਾ ਹੈ" (24:1-12)
4. "ਅਨ੍ਹੇਰਾ ਬੁਰੇ ਕੰਮਾਂ ਨੂੰ ਲੁਕਾਉਂਦਾ ਹੈ" (24:13-17)
5. "ਦੁਸ਼ਟ ਰੁੱਖ ਵਾਂਝੁ ਟੁੱਟ ਜਾਵੇਗਾ" (24:18-25)

C. ਬਿਲਦਦ ਦੀ ਤੀਜੀ ਗੱਲ: "ਕੀ ਮਨੁੱਖ ਪਰਮੇਸ਼ੁਰ ਨਾਲ ਠੀਕ ਹੋ ਸਕਦਾ ਹੈ?" (25:1-6)

D. ਅੱਯੂਬ ਦਾ ਉੱਤਰ (26:1-27:23)
1. "ਤੂੰ ਗਿਆਨ ਤੋਂ ਬਿਨਾ ਸਲਾਹ ਦਿੱਤੀ" (26:1-4)
2. "ਪਰਮੇਸ਼ੁਰ ਸਮਝ ਤੋਂ ਪਰੇ ਮਹਾਨ ਹੈ" (26:5-14)
3. ਅੱਯੂਬ ਦੀ ਖਰਿਆਈ ਦੀ ਪੁਸ਼ਟੀ ਕੀਤੀ ਗਈ (27:1-6)
4. ਪਰਮੇਸ਼ੁਰ ਤੋਂ ਰਹਿਤ ਮਨੁੱਖ ਦੀ ਦੁਰਦਸ਼ਾ (27:7-23)
   a. ਦੁਸ਼ਟ ਆਦਮੀ ਲਈ ਕੋਈ ਆਸ ਨਹੀਂ ਹੈ (27:7-12)
   b. ਦੁਸ਼ਟ ਆਦਮੀ ਦਾ ਹਿੱਸਾ (27:13-23)

VI. ਅੱਯੂਬ ਦੀਆਂ ਆਖ਼ਰੀ ਗੱਲਾਂ (28:1-31:40)

A. ਗਿਆਨ ਦਾ ਰਾਹ (28:1-28)
1. "ਮਨੁੱਖ ਗੁਪਤ ਖਜ਼ਾਨੇ ਲੱਭਦਾ ਹੈ" (28:1-11)
2. "ਮਨੁੱਖ ਗਿਆਨ ਨੂੰ ਨਹੀਂ ਲੱਭ ਸਕਦਾ" (28:12-22)
3. "ਪਰਮੇਸ਼ੁਰ ਗਿਆਨ ਦਿੰਦਾ ਹੈ" (28:23-28)

B. "ਪਰਾਚੀਨ ਦਿਨਾਂ" ਲਈ ਅੱਯੂਬ ਦੀ ਲਾਲਸਾ (29:1-25)
1. ਅੱਯੂਬ ਦੀ ਖੁਸ਼ਹਾਲੀ ਜਦੋਂ ਪਰਮੇਸ਼ੁਰ ਨੇੜੇ ਸੀ (29:1-6)
2. ਅੱਯੂਬ ਦੀ ਆਦਰ ਦੀ ਪੁਰਾਣੀ ਹਾਲਤ (29:7-11)
3. ਦੂਜਿਆਂ ਲਈ ਅੱਯੂਬ ਦੀ ਸੱਚੀ ਚਿੰਤਾ (29:12-17)
4. ਅੱਯੂਬ ਦਾ ਵਿਸ਼ਵਾਸ ਕਿ ਉਹ ਪਰਤਾਪ ਨਾਲ ਮਰੇਗਾ (29:18-20)
5. ਅੱਯੂਬ ਦੀ ਸਲਾਹ ਲਈ ਗਈ (29:21-25)

C. ਅੱਯੂਬ ਦੇ ਦੁੱਖ ਦੀ ਮੌਜੂਦਾ ਡੂੰਘਾਈ (30:1-31)
1. "ਹੁਣ ਛੁਟੇਰੇ ਮੇਰੇ ਉੱਤੇ ਹੱਸਦੇ ਹਨ" (30:1-8)
2. "ਮੈਂ ਉਨ੍ਹਾਂ ਲਈ ਇੱਕ ਬੋਲੀ ਹੋਇਆ ਹਾਂ" (30:9-15)
3. "ਦੁਖ ਦੇ ਦਿਨ ਮੈਨੂੰ ਫੜਦੇ ਹਨ" (30:16-23)
4. "ਮੈਂ ਬਿਨਾ ਦਿਲਾਸੇ ਦੇ ਸੋਗ ਕਰਦਾ ਹਾਂ" (30:24-31)

D. ਅੱਯੂਬ ਦੇ ਨੈਤਿਕ ਜੀਵਨ ਤੇ ਜ਼ੋਰ ਦਿੱਤਾ ਗਿਆ (31:1-40)
1. ਆਪਣੀਆਂ ਅੱਖਾਂ ਨਾਲ ਅੱਯੂਬ ਦਾ ਨੇਮ (31:1-4)

2. ਅੱਯੂਬ ਦੀ ਇਮਾਨਦਾਰੀ (31:5-8)
3. ਵਿਆਹੁਤਾ ਜੀਵਨ ਵਿਚ ਅੱਯੂਬ ਦੀ ਵਫ਼ਾਦਾਰੀ (31:9-12)
4. ਦਾਸਾਂ ਨਾਲ ਅੱਯੂਬ ਦਾ ਸਲੂਕ (31:13-15)
5. ਗ਼ਰੀਬਾਂ ਦੇ ਪ੍ਰਤੀ ਅੱਯੂਬ ਦੀ ਦਇਆ (31:16-23)
6. ਧਨ ਜਾਂ ਬੁੱਤਾਂ ਦੀ ਬਜਾਇ ਪਰਮੇਸ਼ੁਰ ਤੇ ਅੱਯੂਬ ਦੀ ਨਿਰਭਰਤਾ (31:24-28)
7. ਲੋਕਾਂ ਨਾਲ ਅੱਯੂਬ ਦੇ ਨੈਤਿਕ ਰਿਸ਼ਤੇ (31:29-37)
8. ਅੱਯੂਬ ਦੁਆਰਾ ਜ਼ਮੀਨ ਦਾ ਪ੍ਰਬੰਧਨ (31:38-40)

VI. ਅਲੀਹੂ: ਇਕ ਗੁੱਸੇਖੋਰ ਨੌਜਵਾਨ ਜਿਹੜਾ ਗੱਲਾਂ ਨਾਲ ਭਰਿਆ ਹੋਇਆ ਸੀ (32:1-37:24)

A. ਅਲੀਹੂ ਨੂੰ ਬੋਲਣ ਦੀ ਲੋੜ (32:1-22)
1. ਦੋਸਤਾਂ ਤੇ ਅਲੀਹੂ ਦਾ ਗੁੱਸਾ (32:1-5)
2. ਅਲੀਹੂ ਦਾ ਪਹਿਲਾਂ ਬੋਲਣ ਲਈ ਝਿੱਜਕਣਾ (32:6-10)
3. ਅਲੀਹੂ ਦਾ ਬੜੇ ਧਿਆਨ ਨਾਲ ਸੁਣਨਾ (32:11-14)
4. ਰਾਹਤ ਪਾਉਣ ਲਈ ਅਲੀਹੂ ਦਾ ਤਰੀਕਾ (32:15-22)

B. ਪਰਮੇਸ਼ੁਰ ਬਾਰੇ ਅਲੀਹੂ ਦੇ ਵਿਚਾਰ (33:1-34:37)
1. ਅਲੀਹੂ ਦਾ ਸੱਚੇ ਮਨੋਂ ਬੋਲਣਾ (33:1-7)
2. ਪਰਮੇਸ਼ੁਰ ਦੇ ਵਿਰੁੱਧ ਅੱਯੂਬ ਦੇ ਦੋਸ਼ਾਂ ਬਾਰੇ ਦੁਬਾਰਾ ਬੋਲਣਾ (33:8-12)
3. “ਪਰਮੇਸ਼ੁਰ ਦਰਸ਼ਣਾਂ ਅਤੇ ਸੁਫ਼ਨਿਆਂ ਰਾਹੀਂ ਗੱਲ ਕਰਦਾ ਹੈ” (33:13-18)
4. “ਪਰਮੇਸ਼ੁਰ ਤਾੜਨਾ ਦੇ ਰਾਹੀਂ ਗੱਲ ਕਰਦਾ ਹੈ” (33:19-22)
5. “ਪਰਮੇਸ਼ੁਰ ਦੂਤ ਦੇ ਰਾਹੀਂ ਗੱਲ ਕਰ ਸਕਦਾ ਹੈ” (33:23-28)
6. “ਅਕਸਰ ਸਾਰੇ ਕੰਮ ਪਰਮੇਸ਼ੁਰ ਕਰਦਾ ਹੈ” (33:29-33)
7. “ਉਹੀ ਚੁਣੋ ਜੋ ਠੀਕ ਹੈ” (34:1-9)
8. “ਪਰਮੇਸ਼ੁਰ ਦੁਸ਼ਟਪੁਣਾ ਨਹੀਂ ਕਰੇਗਾ” (34:10-15)
9. “ਪਰਮੇਸ਼ੁਰ ਪੱਖਪਾਤ ਨਹੀਂ ਕਰਦਾ” (34:16-20)
10. “ਪਰਮੇਸ਼ੁਰ ਸਰਬ-ਗਿਆਨੀ ਹੈ” (34:21-30)
11. “ਅੱਯੂਬ ਉਸ ਦੇ ਪਾਪ ਵਿਚ ਬਗਾਵਤ ਨੂੰ ਜੋੜਦਾ ਹੈ” (34:31-37)

C. ਪਰਮੇਸ਼ੁਰ ਦੇ ਚੁੱਪ ਰਹਿਣ ਬਾਰੇ ਅਲੀਹੂ ਦੀ ਵਿਆਖਿਆ (35:1-16)
1. “ਅੱਯੂਬ ਦੀਆਂ ਗੱਲਾਂ ਹੰਕਾਰੀ ਹਨ” (35:1-8)
2. “ਪਰਮੇਸ਼ੁਰ ਮਨੁੱਖ ਦੇ ਹੰਕਾਰ ਦੇ ਕਾਰਨ ਉੱਤਰ ਨਹੀਂ ਦਿੰਦਾ” (35:9-16)

D. ਅੱਯੂਬ ਨੂੰ ਅਲੀਹੂ ਦੀ ਅਪੀਲ (36:1-37:24)
1. ਅਲੀਹੂ ਦਾ ਪਰਮੇਸ਼ੁਰ ਦੀ ਖ਼ਾਤਰ ਬੋਲਣਾ (36:1-15)
2. ਅੱਯੂਬ ਨੂੰ ਪਰਮੇਸ਼ੁਰ ਦੇ ਅੱਗੇ ਝੁਕਣ ਦੀ ਅਪੀਲ (36:16-23)
3. ਪਰਮੇਸ਼ੁਰ ਦੇ ਕੰਮ ਨੂੰ ਪਛਾਣਨ ਦੀ ਅਪੀਲ (36:24-33)
4. “ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਨਣ ਕਰਦੇ ਹਨ” (37:1-13)
5. ਅੱਯੂਬ ਨੂੰ ਇਕ ਨਿੱਜੀ ਅਪੀਲ (37:14-20)

6. ਪਰਮੇਸ਼ੁਰ ਦਾ ਭੈਮਾਨ ਤੇਜ (37:21-24)

VIII. ਵਾਵਰੋਲੇ ਵਿੱਚੋਂ ਅੱਯੂਬ ਨੂੰ ਯਹੋਵਾਹ ਦਾ ਉੱਤਰ (38:1-41:34)

A. ਯਹੋਵਾਹ ਦੀ ਪਹਿਲੀ ਗੱਲ (38:1-40:2)
   1. "ਕੀ ਤੂੰ ਮੈਨੂੰ ਸਿਖਾ ਸਕਦਾ ਹੈਂ?" (38:1-3)
   2. ਧਰਤੀ ਦੀ ਸਥਾਪਨਾ (38:4-7)
   3. ਸਮੁੰਦਰ ਦਾ ਬੰਦ ਹੋਣਾ (38:8-11)
   4. ਸਵੇਰ ਦਾ ਚੜ੍ਹਨਾ (38:12-15)
   5. ਸਮੁੰਦਰ ਦੇ ਸੋਤੇ (38:16-18)
   6. ਚਾਨਣ ਅਤੇ ਅਨ੍ਹੇਰੇ ਦਾ ਨਿਵਾਸ ਸਥਾਨ (38:19-21)
   7. ਬਰਫ਼ ਅਤੇ ਗੜਿਆਂ ਦੇ ਖ਼ਜ਼ਾਨੇ (38:22-24)
   8. ਕੁਦਰਤ ਦਾ ਰੱਬੀ ਨਿਯੰਤਰਣ (38:25-30)
   9. ਅਕਾਸ਼ਾਂ ਦਾ ਰੱਬੀ ਨਿਯੰਤਰਣ (38:31-33)
   10. ਬੱਦਲਾਂ ਦਾ ਰੱਬੀ ਨਿਯੰਤਰਣ (38:34-38)
   11. ਜੰਗਲੀ ਜੀਵਨ ਲਈ ਪਰਮੇਸ਼ੁਰ ਦੀ ਵਿਵਸਥਾ (38:39-41)
   12. ਕੁਦਰਤ ਅਤੇ ਜਾਨਵਰਾਂ ਲਈ ਪਰਮੇਸ਼ੁਰ ਦੀ ਵਿਵਸਥਾ (39:1-30)
      a. ਪਹਾੜੀ ਬੱਕਰੀਆਂ (39:1-4)
      b. ਜੰਗਲੀ ਖੋਤਾ (39:5-8)
      c. ਜੰਗਲੀ ਸਾਨ੍ਹ (39:9-12)
      d. ਸ਼ੁਤਰ ਮੁਰਗ਼ੀ (39:13-18)
      e. ਘੋੜਾ (39:19-25)
      f. ਬਾਜ ਅਤੇ ਉਕਾਬ (39:26-30)
   13. ਸਿੱਟਾ: ਸਭ ਤੋਂ ਮਹੱਤਵਪੂਰਣ ਗੱਲ (40:1, 2)

B. ਅੱਯੂਬ ਦਾ ਉੱਤਰ (40:3-5)

C. ਯਹੋਵਾਹ ਦੀ ਦੂਜੀ ਗੱਲ (40:6-41:34)
   1. "ਕੀ ਤੂੰ ਮੇਰੇ ਨਿਆਉਂ ਨੂੰ ਰੱਦ ਕਰੇਂਗਾ?" (40:6-9)
   2. ਅੱਯੂਬ ਨੇ ਨਿਆਉਂਕਾਰ ਦੀ ਭੂਮਿਕਾ ਦੀ ਕਲਪਨਾ ਕਰਨ ਨੂੰ ਚੁਣੌਤੀ ਦਿੱਤੀ (40:10-14)
   3. ਬਹੇਮੋਥ ਦਾ ਵਿਚਾਰ (40:15-24)
   4. ਲਿਵਯਾਥਾਨ ਦਾ ਵਿਚਾਰ (41:1-34)
      a. ਅੱਯੂਬ ਨੂੰ ਲਿਵਯਾਥਾਨ ਨੂੰ ਫੜਨ ਦੀ ਚੁਣੌਤੀ ਦਿੱਤੀ ਗਈ (41:1-11)
      b. ਲਿਵਯਾਥਾਨ ਦਾ ਵਰਣਨ (41:12-34)
         (1) ਲਿਵਯਾਥਾਨ ਦੇ ਸ਼ਸਤਰ ਬਸਤਰ (41:12-17)
         (2) ਲਿਵਯਾਥਾਨ ਦੀ ਅੱਗ (41:18-24)
         (3) ਲਿਵਯਾਥਾਨ ਦੀ ਨਿਡਰਤਾ (41:25-34)

## IX. ਉਪਸੰਹਾਰ (42:1-17)

A. ਅੱਯੂਬ ਦਾ ਪਛਤਾਵਾ (42:1-6)
B. ਤਿੰਨ ਮਿੱਤਰਾਂ ਨੂੰ ਯਹੋਵਾਹ ਦੀ ਝਿੜਕ (42:7-9)
C. ਯਹੋਵਾਹ ਦਾ ਅੱਯੂਬ ਨੂੰ ਸਭ ਕੁਝ ਬਹਾਲ ਕਰਨਾ ਅਤੇ ਅੱਯੂਬ ਨੂੰ ਬੱਚਿਆਂ ਦੀ ਬਰਕਤ ਦੇਣਾ (42:10-17)